Surrey School District
Surrey Schools . . . Keeping Learners at the Centre
Tel: 604.596.7733
Fax: 604.596.7941
www.sd36.bc.ca

# ਮੌਸਮ ਕਾਰਣ ਸਕੂਲ ਅਤੇ ਕਲਾਸਾਂ ਦੇ ਰੱਦ ਹੋਣ ਦੀ ਜਾਣਕਾਰੀ

Closures/Class Cancellations Due to Weather

## ਸਕੂਲ ਬੰਦ ਜਾਂ ਕਲਾਸਾਂ ਦੇ ਰੱਦ ਕਰਨ ਦੀ ਗਾਈਡਲਾਈਨ

ਬੱਚਿਆਂ ਨੂੰ ਵਿਦਿਆ ਦੇਣ ਤੋਂ ਇਲਾਵਾ, ਇਹ ਵੀ ਆਸ ਰੱਖੀ ਜਾਂਦੀ ਹੈ ਕਿ ਸਕੂਲ ਬੱਚਿਆਂ ਲਈ ਇੱਕ ਸੁਰਖਿਅਤ ਅਤੇ ਨਿਗਰਾਨੀ ਭਰਪੂਰ ਵਾਤਾਵਰਨ ਹੋਣ ਜਿਥੇ ਬੱਚੇ ਹਰ ਰੋਜ਼ ਹਾਜ਼ਿਰ ਹੋਣ। ਜਦੋਂ ਵੀ ਸਕੂਲ ਕਿਸੇ ਕਾਰਣ ਬੰਦ ਹੋਣ ਜਾਂ ਕਲਾਸਾਂ ਰੱਦ ਹੋਣ ਤਾਂ ਇਸ ਦਾ ਅਸਰ ਹਜ਼ਾਰਾਂ ਪ੍ਰੀਵਾਰਾਂ ਉਪਰ ਪੈਂਦਾ ਹੈ। ਬਹੁਤ ਪ੍ਰੀਵਾਰ ਬੱਚਿਆਂ ਦੀ ਦੇਖ ਭਾਲ ਦਾ ਜਲਦੀ ਨਾਲ ਬੰਦੋਬਸਤ ਕਰਨ ਲਈ ਅਸਮਰਥ ਹਨ।

ਇਸ ਲਈ ਸਕੂਲ ਬਰਫ ਦੇ ਪੈਣ ਨਾਲ ਜਾਂ ਮੌਸਮ ਦੀ ਖਰਾਬੀ ਕਾਰਨ ਬੰਦ ਨਹੀਂ ਕੀਤੇ ਜਾਣਗੇ ਲੇਕਿਨ ਜੇ ਕਿਸੇ ਸਕੂਲ ਨੂੰ ਨੁਕਸਾਨ ਹੋ ਜਾਵੇ ਜਾਂ ਬਿਜਲੀ ਨਾਂ ਆਓਣ ਨਾਲ ਬੰਦ ਕਰਨਾ ਪਵੇ ਤਾਂ ਗੱਲ ਹੋਰ ਹੈ। ਕਿਸੇ ਵੀ ਕਿਸਮ ਦੀ ਸੂਚਨਾ ਪਰਸਾਰਿਤ ਨਹੀਂ ਕੀਤੀ ਜਾਏਗੀ ਜਦੋਂ ਸਕੂਲ ਖੁੱਲੇ ਹਨ, **ਸਿਰਫ ਓਸ ਵੇਲੇ ਹੀ ਜਾਣਕਾਰੀ ਦਿੱਤੀ ਜਾਏਗੀ ਜਦੋਂ ਕੋਈ ਕਲਾਸ ਰੱਦ ਜਾਂ ਸਕੂਲ ਬੰਦ ਕਰਨਾ ਪਵੇ।**

- ਸਕੂਲ ਡਿਸਟਰਿਕਟ ਮਾਪਿਆਂ ਦੇ ਫੈਸਲਿਆਂ ਨਾਲ ਸਹਿਮਤ ਹੈ। ਸਕੂਲ ਡਿਸਟਰਿਕਟ ਲਈ ਬੱਚਿਆਂ ਦੀ ਸੁੱਰਖਿਅਤਾ ਸਭ ਤੋਂ ਉਤਮ ਨਿਸ਼ਚਾ ਹੈ। ਮਾਪਿਆਂ ਦਾ ਇਹ ਖਾਸ ਜ਼ਿੰਮਾ ਹੈ ਕਿ ਬੱਚੇ ਸੁੱਰਖਿਅਤ ਢੰਘ ਨਾਲ ਸਕੂਲ ਪਹੁੰਚ ਸਕਣ। ਅਗਰ ਕਿਸੇ ਕਾਰਣ ਓਹ ਸਕੂਲ ਸੁੱਰਖਿਅਤ ਤਰੀਕੇ ਨਾਲ ਨਹੀਂ ਪਹੁੰਚ ਸਕਦੇ ਤਾਂ ਮਾਪਿਆਂ ਨੂੰ ਹੋਰ ਕੋਈ ਇੰਤਜ਼ਾਮ ਕਰ ਲੈਣਾ ਚਾਹੀਦਾ ਹੈ।
- ਇਹ ਤਾਂ ਜਾਣ ਲਿਆ ਗਿਆ ਹੈ ਕਿ ਕਈ ਰਾਹ ਸਕੂਲ ਆਓਣ ਲਈ ਸੁੱਰਖਿਅਤ ਨਹੀਂ ਹਨ। ਇਸ ਤਰਾਂ ਦੀ ਹਾਲਿਤ ਵਿੱਚ ਬੱਚੇ ਦੀ ਗੈਰਹਾਜ਼ਿਰੀ ਦੀ ਕੋਈ ਸਜ਼ਾ ਨਹੀਂ ਹੈ। ਕਿਓਂਕਿ ਸਕੂਲ ਅਕਸਰ ਖੁੱਲੇ ਹੀ ਹੋਣਗੇ, ਬੱਚਿਆਂ ਦਾ ਸਕੂਲ ਆਓਣਾ ਮਾਪਿਆਂ ਦੀ ਜ਼ਿੰਮੇਵਾਰੀ ਹੈ। ਅਗਰ ਬੱਚੇ ਨੇ ਸਕੂਲ ਨਾਂ ਆਓਣਾ ਹੋਵੇ ਤਾਂ ਮਾਪੇ ਸਕੂਲ ਫੋਨ ਕਰ ਸਕਦੇ ਹਨ। ਜਦੋਂ ਬੱਚਾ ਮੌਸਮ ਦੀ ਵਿਗੜੀ ਹਾਲਤ ਕਾਰਣ ਸਕੂਲ ਨਹੀਂ ਆ ਸਕਦਾ ਤਾਂ ਓਸਦੀ ਗੈਰਹਾਜ਼ਿਰੀ ਮੁਆਫ ਕਰ ਦਿੱਤੀ ਜਾਏਗੀ।
- ਸਕੂਲ ਡਿਸਟਰਿਕਟ ਹਰ ਕੋਸ਼ਿਸ਼ ਕਰੇਗੀ ਕਿ ਸਵੇਰੇ ਤਕਰੀਬਨ 6:30 ਵਜੇ ਸਕੂਲਾਂ ਦੀ ਹਾਲਿਤ ਬਾਰੇ ਮਾਪਿਆਂ ਨੂੰ ਜਾਣੂ ਕਰਵਾ ਦਵੇ। ਮੌਸਮ, ਬਿਜਲੀ ਜਾਂ ਸੜਕ ਦੀ ਹਾਲਤ ਅਕਸਰ ਕੁੱਝ ਘੰਟਿਆਂ ਵਿੱਚ ਹੀ ਬਦਲ ਜਾਂਦੀ ਹੈ, ਇਸ ਲਈ ਸਕੂਲ ਬੰਦ ਕਰਨ ਜਾਂ ਨਾ ਕਰਨ ਦਾ ਫੈਸਲਾ ਸਵੇਰੇ ਸਵਖਤੇ ਹੀ ਲਿਆ ਜਾਂਦਾ ਹੈ।
- ਯਾਦ ਰਹੇ ਜਦੋਂ ਕੋਈ ਸਕੂਲ ਬੰਦ ਕਰਨਾ ਪਵੇ, ਸਿਰਫ ਓਦੋਂ ਹੀ ਸੂਚਨਾ ਦਿੱਤੀ ਜਾਏਗੀ। ਸਕੂਲ ਖੁੱਲਣ ਦੀ ਕੋਈ ਵੀ ਸੂਚਨਾ ਨਹੀਂ ਦਿੱਤੀ ਜਾਏਗੀ। ਸੋ ਮਤਲਬ ਕਿ ਅਗਰ ਕੋਈ ਸੂਚਨਾ ਨਹੀਂ ਤਾਂ ਸਕੂਲ ਖੁਲ੍ਹੇ ਹਨ।

ਲੋਕਲ ਜਾਂ ਅਪਾਹਿਜ ਬੱਚਿਆਂ ਦੀਆਂ ਬੱਸਾ ਓਪਰ ਵੀ ਇਸ ਤਰਾ ਦੀ ਹਾਲਿਤ ਦਾ ਕਾਫੀ ਅਸਰ ਪੈਂਦਾ ਹੈ। ਇਹ ਜਾਣਕਾਰੀ ਸਕੂਲ ਦੀ ਵੈਬ ਸਾਈਟ ਜਾਂ ਖਬਰਾਂ ਵਾਲਿਆਂ ਰਾਹੀਂ ਮਾਪਿਆਂ ਤੱਕ ਪਹੁੰਚਾਈ ਜਾਏਗੀ।

## ਬੰਦ ਕਰਨ ਦੀ ਸੂਚਨਾ

ਅਗਰ ਕਲਾਸਾਂ ਰੱਦ ਕਰਨੀਆ ਪੈਣ ਜਾਂ ਸਕੂਲ ਬੰਦ ਕਰਨੇ ਪੈਣ ਤਾਂ ਜਾਣਕਾਰੀ ਸਕੂਲ ਡਿਸਟਰਿਕਟ ਦੀ ਵੈਬ ਸਾਈਟ ਓਪਰ ਦਿੱਤੀ ਜਾਏਗੀ ਅਤੇ ਇਹਨਾਂ ਰੇਡੀਓ ਸਟੇਸ਼ਨਾਂ ਤੋਂ ਪਰਸਾਰਿਤ ਵੀ ਕੀਤੀ ਜਾਵੇਗੀ :

CKNW (980 AM) www.cknw.com
CBC (690 AM) www.cbc.ca/bc
Fairchild Radio (1470 AM) www.1470.com
Radio India (1600 AM) www.radioindialtd.com
News 1130 (1130 AM) www.news1130.com
Red-FM (93.1 FM) www.redfm.ca
CHMB (AM 1320) www.am1320.com
Radio Punjab (cable/satellite)

ਇਹ ਜਾਣਕਾਰੀ ਲੋਕਲ ਟੀ.ਵੀ. ਸਟੇਸ਼ਨਾਂ ਤੋਂ ਵੀ ਪਰਸਾਰਿਤ ਕਰਨ ਦੀ ਕੋਸ਼ਿਸ਼ ਕੀਤੀ ਜਾਏਗੀ।
ਕਿਰਪਾ ਕਰਕੇ ਰੇਡੀਓ ਸਟੇਸ਼ਨਾਂ ਨੂੰ ਇਸ ਸਮੇਂ ਫੋਨ ਨਾ ਕਰਨਾਂ ਕਿਓਂਕਿ ਓਹਨਾਂ ਦੇ ਕਰਮਚਾਰੀ ਆਪਣੇ ਰੁਝਾਨ ਵਿੱਚ ਲਗੇ ਹੁੰਦੇ ਹਨ।
ਕਿਰਪਾ ਕਰਕੇ ਸਕੂਲ ਡਿਸਟਰਿਕਟ ਦੇ ਦਫਤਰ ਜਾਂ ਸਕੂਲਾਂ ਵਿੱਚ ਵੀ ਇਸ ਤਰਾਂ ਦੇ ਸਮੇਂ ਫੋਨ ਨਾਂ ਕਰੋ ਕਿਓਂਕਿ ਕਰਮਚਾਰੀ ਖੁੱਲਣ ਦੇ ਵਕਤ ਤੋਂ ਪਹਿਲਾਂ ਫੋਨ ਦਾ ਜਵਾਬ ਨਹੀਂ ਦੇ ਸਕਦੇ ਅਤੇ ਟੈਲੀਫੋਨ ਦੀਆਂ ਲਾਈਨਾਂ ਓਪਰ ਭੀੜ ਹੋ ਜਾਂਦੀ ਹੈ।